# ਤੁਹਾਡੇ ਬੱਚੇ ਦੇ ਖ਼ੂਨ ਵਿਚ ਸੀਸੇ ਦੇ ਟੈਸਟ ਦੀ ਲੋੜ ਪੈਂਦੀ ਹੈ, ਜੇ ਉਹ...

- ☐ 1950 ਤੋਂ ਪਹਿਲਾਂ ਬਣੇ ਘਰ ਵਿਚ ਰਹਿੰਦਾ ਹੈ ਜਾਂ ਬਾਕਾਇਦਗੀ ਨਾਲ ਜਾਂਦਾ ਹੈ
- ☐ 1978 ਤੋਂ ਪਹਿਲਾਂ ਬਣੇ ਘਰ ਵਿਚ ਰਹਿੰਦਾ ਹੈ ਜਾਂ ਬਾਕਾਇਦਗੀ ਨਾਲ ਜਾਂਦਾ ਹੈ ਜਿਸ ਵਿਚ ਹੁਣੇ ਜਿਹੇ ਮੁਰੰਮਤਾਂ ਜਾਂ ਸੁਧਾਰ ਕੀਤੇ ਗਏ ਹਨ ਜਾਂ ਮੁਰੰਮਤਾਂ ਜਾਂ ਸੁਧਾਰ ਚੱਲ ਰਹੇ ਹਨ
- ☐ ਲੈਪਾਲਕ ਸੰਭਾਲ ਵਿਚ ਰਹਿੰਦਾ ਹੈ
- ☐ ਦੋਸਤ ਜਾਂ ਭੈਣ-ਭਰਾ ਹੈ, ਜਿਸਦੇ ਖ਼ੂਨ ਵਿਚਲੇ ਸੀਸੇ ਦਾ ਪੱਧਰ ਵਧਿਆ ਹੋਇਆ ਹੈ
- ☐ ਉਨ੍ਹਾਂ ਦੇ ਮਾਤਾ-ਪਿਤਾ ਜਾਂ ਕੇਅਰਗਿਵਰ ਆਪਣੀ ਨੌਕਰੀ ਜਾਂ ਆਪਣੇ ਸ਼ੌਕ ਵਿਚ ਸੀਸੇ ਦਾ ਕੰਮ ਕਰਦਾ ਹੈ
- ☐ ਉਹ ਕਿਸੇ ਹੋਰ ਦੇਸ਼ ਤੋਂ ਅਮਰੀਕਾ ਆਇਆ ਹੈ
- ☐ ਰਿਵਾਇਤੀ ਇਲਾਜਾਂ ਜਾਂ ਸਿੰਗਾਰ-ਸਮਗ੍ਰੀ ਦੀ ਵਰਤੋਂ ਕਰਦਾ ਹੈ
- ☐ Apple Health/Medicaid ਦੇ ਘੇਰੇ ਹੇਠ ਆਉਂਦੇ ਹਨ (ਹੇਠਾਂ ਵੇਖੋ)

## ਕੀ ਤੁਸੀਂ ਉੱਪਰ ਦਿੱਤੇ ਖਾਨਿਆਂ ਵਿਚੋਂ ਕਿਸੇ ਇਕ 'ਤੇ ਸਹੀ ਦਾ ਨਿਸ਼ਾਨ ਲਾਇਆ ਹੈ?

ਹੇਠਾਂ ਦਿੱਤਾ ਕਾਰਡ ਵੱਖ ਕਰੋ, ਜਿਸ ਵਿਚ ਲਿਖਿਆ ਹੋਇਆ ਹੈ "ਮੇਰੇ ਬੱਚੇ ਨੂੰ ਖ਼ੂਨ ਵਿਚਲੇ ਸੀਸੇ ਦੀ ਜਾਂਚ ਕਰਨ ਵਾਲੇ ਟੈਸਟ ਦੀ ਲੋੜ ਹੈ" ਅਤੇ ਆਪਣੇ ਬੱਚੇ ਦੀ ਭਲਾਈ ਬਾਰੇ ਅਗਲੀ ਵਿਜ਼ਿਟ 'ਤੇ ਇਹ ਕਾਰਡ ਆਪਣੇ ਡਾੱਕਟਰ ਨੂੰ ਦਿਓ। ਜੇ ਤੁਹਾਡਾ ਬੱਚਾ **APPLE HEALTH ਰਾਹੀਂ ਬੀਮੇ ਹੇਠ ਹੈ**, ਤਾਂ **ਆਪਣੇ Medicaid ਪ੍ਰੋਵਾਈਡਰ ਤੋਂ ਮੁਫ਼ਤ ਟੈਸਟਿੰਗ** ਲਓ, ਭਾਵੇਂ ਤੁਹਾਡੇ ਬੱਚੇ ਨੂੰ ਕੋਈ ਹੋਰ ਜੋਖਮ ਦੇ ਕਾਰਕ ਨਹੀਂ ਹਨ।

## ਮੇਰੇ ਬੱਚੇ ਨੂੰ ਖ਼ੂਨ ਵਿਚਲੇ ਸੀਸੇ ਦੀ ਜਾਂਚ ਕਰਨ ਵਾਲੇ ਟੈਸਟ ਦੀ ਲੋੜ ਹੈ।

Washington State Department of Health

Public Health
Seattle & King County

## ਮੇਰੇ ਬੱਚੇ ਦਾ ਸੀਸੇ ਲਈ ਟੈਸਟ ਕਿਉਂ ਕੀਤਾ ਜਾਣਾ ਚਾਹੀਦਾ ਹੈ?

ਸੀਸੇ ਦੀ ਥੋੜ੍ਹੀ ਜਿਹੀ ਮਾਤਰਾ ਵੀ ਤੁਹਾਡੇ ਬੱਚੇ ਦੇ ਦਿਮਾਗ਼ ਦੇ ਵਿਕਾਸ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਜੇ ਸੀਸਾ ਤੁਹਾਡੇ ਬੱਚੇ ਦੇ ਅੰਦਰ ਪਹੁੰਚ ਜਾਂਦਾ ਹੈ, ਤਾਂ ਇਹ ਉਨ੍ਹਾਂ ਲਈ ਸਕੂਲ ਵਿੱਚ ਸਿੱਖਣ, ਧਿਆਨ ਦੇਣ ਅਤੇ ਚੰਗਾ ਕੰਮ ਕਰਨ ਨੂੰ ਮੁਸ਼ਕਿਲ ਬਣਾ ਸਕਦਾ ਹੈ।

## ਸੀਸੇ ਦੇ ਜ਼ਹਿਰ ਦੇ ਲੱਛਣ ਕੀ ਹਨ?

ਬਹੁਤੇ ਬੱਚੇ, ਜਿਹਨਾਂ ਦੇ ਸਰੀਰ ਵਿਚ ਸੀਸਾ ਹੁੰਦਾ ਹੈ, ਬਿਮਾਰ ਨਹੀਂ ਲੱਗਦੇ ਜਾਂ ਬਿਮਾਰ ਵਾਂਗ ਕੰਮ ਨਹੀਂ ਕਰਦੇ। ਸਿਰਫ਼ ਬਲੱਡ ਟੈਸਟ ਹੀ ਇਹ ਜਾਣਨ ਤਰੀਕਾ ਹੈ ਕਿ ਤੁਹਾਡੇ ਬੱਚੇ ਵਿੱਚ ਸੀਸੇ ਦਾ ਜ਼ਹਿਰ ਹੈ ਜਾਂ ਨਹੀਂ।”

## ਸੀਸੇ ਦਾ ਜ਼ਹਿਰ ਬਣਨ ਦੇ ਕਾਰਣ ਕੀ ਹਨ?

ਪੁਰਾਣੇ ਘਰਾਂ ਵਿਚਲੇ ਰੰਗ ਤੋਂ ਨਿਕਲਣ ਵਾਲੀ ਧੂੜ ਅਤੇ ਪਪੜੀਆਂ, ਇਸਦੇ ਸੰਪਰਕ ਵਿਚ ਆਉਣ ਵਾਲੇ ਸਭ ਤੋਂ ਵੱਡੇ ਸ੍ਰੋਤਾਂ ਵਿਚੋਂ ਇਕ ਹਨ। ਬੱਚਿਆਂ ਦੇ ਖਿਡੌਣਿਆਂ ਅਤੇ ਹੱਥਾਂ 'ਤੇ ਵੀ ਸੀਸੇ ਦੀ ਧੂੜ ਲੱਗ ਸਕਦੀ ਹੈ। ਜਦੋਂ ਉਹ ਆਪਣੇ ਹੱਥਾਂ ਜਾਂ ਖਿਡੌਣਿਆਂ ਨੂੰ ਮੂੰਹ ਵਿਚ ਪਾਉਂਦੇ ਹਨ, ਤਾਂ ਉਹਨਾਂ ਦੇ ਸਰੀਰ ਵਿਚ ਸੀਸਾ ਜਾ ਸਕਦਾ ਹੈ। ਹੋਰ ਵਸਤਾਂ, ਜਿਹਨਾਂ ਕਰਕੇ ਸੀਸੇ ਦਾ ਜ਼ਹਿਰ ਹੋ ਸਕਦਾ ਹੈ, ਹਨ:


ਮਿੱਟੀ
ਅਤੇ ਪਾਣੀ


ਵਿਨਾਇਲ, ਪੁਰਾਣੇ
ਖਿਡੌਣੇ, ਗਹਿਣੇ
ਅਤੇ ਚਾਬੀਆਂ


ਹੱਥ ਨਾਲ ਬਣੇ ਮਿੱਟੀ
ਦੇ ਭਾਂਡੇ ਜਾਂ ਪਲੇਟਾਂ


ਦਰਾਮਦ ਕੀਤੀ
ਗਈ ਸਿੰਗਾਰ-ਸਮਗ੍ਰੀ
ਅਤੇ ਮਸਾਲੇ

ਸੀਸੇ ਬਾਰੇ ਹੋਰ ਜਾਣਕਾਰੀ ਲਈ ਅਤੇ ਸੰਪਰਕ ਵਿਚ ਆਉਣ ਵਾਲੇ ਆਪਣੇ ਗੁਆਂਢ ਦੇ ਜੋਖਮ ਵੇਖਣ ਲਈ: **www.doh.wa.gov/lead** 'ਤੇ ਜਾਓ।

---

**ਪ੍ਰੋਵਾਈਡਰ: ਸਟੇਟ ਦਾ DOH ਦਾ ਸੀਸੇ ਦੇ ਜੋਖਮ ਬਾਰੇ ਸੁਆਲਨਾਮਾ, ਅਜਿਹੇ ਬੱਚੇ ਦੀ ਸ਼ਨਾਖ਼ਤ ਕਰਦਾ ਹੈ, ਜਿਸ ਵਿਚ ਸੀਸੇ ਦੇ ਸੰਪਰਕ ਵਿਚ ਆਉਣ ਦੇ ਇਕ ਜਾਂ ਵੱਧ ਜੋਖਮ ਕਾਰਕ ਹੁੰਦੇ ਹਨ**

**ਫ਼ੈਡਰਲ ਕਾਨੂੰਨ ਆਦੇਸ਼ ਦਿੰਦਾ ਹੈ** ਕਿ Medicaid ਨਾਲ ਰਜਿਸਟਰ ਸਾਰੇ ਬੱਚਿਆਂ ਨੂੰ 12 ਅਤੇ 24 ਮਹੀਨਿਆਂ ਦੀ ਉਮਰ 'ਤੇ ਖ਼ੂਨ ਵਿਚਲੇ ਸੀਸੇ ਦੀ ਜਾਂਚ ਲਈ ਟੈਸਟ ਕਰਾਉਣਾ ਪੈਂਦਾ ਹੈ। 24 ਅਤੇ 72 ਮਹੀਨਿਆਂ ਦੇ ਵਿਚਕਾਰ ਦੇ ਕਿਸੇ ਵੀ ਬੱਚੇ, ਜਿਸਦੇ ਖ਼ੂਨ ਵਿਚਲੇ ਸੀਸੇ ਦੀ ਜਾਂਚ ਲਈ ਪਹਿਲਾਂ ਕੋਈ ਟੈਸਟ ਹੋਣ ਦਾ ਰਿਕਾੱਰਡ ਨਹੀਂ ਹੈ, ਨੂੰ ਇਕ ਟੈਸਟ ਜ਼ਰੂਰ ਕਰਾਉਣਾ ਚਾਹੀਦਾ ਹੈ।

ਹੋਰ ਜਾਣਕਾਰੀ ਲਈ: **www.doh.wa.gov/lead** 'ਤੇ ਜਾਓ